ਟੂਲਬੌਕਸ ਮੀਟਿੰਗ ਗਾਈਡ

ਐਸਬੈਸਟਸ ਦੇ ਸਿਹਤ ਨੂੰ ਖਤਰੇ

ਐਸਬੈਸਟਸ ਕੀ ਹੈ?

ਐਸਬੈਸਟਸ ਇਕ ਮਜ਼ਬੂਤ, ਅੱਗ ਰੋਕਣ ਵਾਲਾ ਮਿਨਰਲ ਫਾਇਬਰ ਹੈ। ਬੀਤੇ ਸਮੇਂ ਵਿਚ, ਐਸਬੈਸਟਸ ਦੀ ਵਰਤੋਂ ਗਰਮੀ ਅਤੇ ਰੌਲੇ ਤੋਂ ਬਚਾਅ ਕਰਨ ਅਤੇ ਇਸ ਦੇ ਨਾਲ ਨਾਲ ਅੱਗ ਤੋਂ ਰੱਖਿਆ ਕਰਨ ਲਈ ਕੀਤੀ ਜਾਂਦੀ ਸੀ। ਸੀਮੈਂਟ ਅਤੇ ਪਲਾਸਟਰ ਵਰਗੀਆਂ ਚੀਜ਼ਾਂ ਨੂੰ ਜ਼ਿਆਦਾ ਮਜ਼ਬੂਤ ਬਣਾਉਣ ਲਈ ਐਸਬੈਸਟਸ ਸਾਮੱਗਰੀਆਂ ਵਿਚ ਵੀ ਪਾਇਆ ਜਾਂਦਾ ਸੀ। ਐਸਬੈਸਟਸ ਦੇ ਫਾਇਬਰਜ਼ (ਤੰਦਾਂ) ਦੇ ਸੰਪਰਕ ਵਿਚ ਆਉਣ ਦਾ ਨਤੀਜਾ ਐਸਬੈਸਟੋਸਿਸ, ਫੇਫੜਿਆਂ ਦੀ ਕੈਂਸਰ ਜਾਂ ਮੈਜ਼ੋਥੀਲੀਓਮਾ (ਉਹ ਕੈਂਸਰ ਜਿਹੜੀ ਸੀਨੇ ਜਾਂ ਪੇਟ ਦੀ ਕੈਵਿਟੀ ਦੀ ਅੰਦਰਲੀ ਤਹਿ 'ਤੇ ਅਸਰ ਪਾਉਂਦੀ ਹੈ) ਵਿਚ ਨਿਕਲ ਸਕਦਾ ਹੈ।

ਐਸਬੈਸਟਸ ਦੇ ਖਤਰੇ ਕੀ ਹਨ?

ਐਸਬੈਸਟਸ ਦੀਆਂ ਵਸਤਾਂ ਵਾਲੇ ਘਰਾਂ ਦੀ ਮੁਰੰਮਤ ਕਰਨ ਜਾਂ ਇਨ੍ਹਾਂ ਨੂੰ ਢਾਹੁਣ ਨਾਲ ਐਸਬੈਸਟਸ ਦੇ ਫਾਇਬਰ ਹਵਾ ਵਿਚ ਫੈਲ ਸਕਦੇ ਹਨ। ਇਹ ਫਾਇਬਰ ਬਹੁਤ ਹੀ ਬਾਰੀਕ ਹੁੰਦੇ ਹਨ ਅਤੇ ਇਹ ਹਵਾ ਵਿਚ ਘੰਟਿਆਂ ਬੱਧੀ ਰਹਿ ਸਕਦੇ ਹਨ।

ਐਸਬੈਸਟਸ ਦੇ ਫਾਇਬਰਜ਼ ਵਿਚ ਸਾਹ ਲੈਣ ਨਾਲ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਜਿਨ੍ਹਾਂ ਵਿਚ ਫੇਫੜਿਆਂ ਦੀ ਬੀਮਾਰੀ ਅਤੇ ਕੈਂਸਰ ਸ਼ਾਮਲ ਹਨ।

ਕਈ ਸਾਲਾਂ ਦੌਰਾਨ ਐਸਬੈਸਟਸ ਦੇ ਘੱਟੇ ਵਿਚ ਸਾਹ ਲੈਣ ਕਾਰਨ ਫੇਫੜਿਆਂ 'ਤੇ ਪਏ ਦਾਗਾਂ ਅਤੇ ਫੇਫੜਿਆਂ ਦੇ ਸਖਤ ਹੋ ਜਾਣ ਨੂੰ ਐਸਬੈਸਟੋਸਿਸ ਦਾ ਨਾਂ ਦਿੱਤਾ ਗਿਆ ਹੈ। ਐਸਬੈਸਟੋਸਿਸ ਸਾਹ ਲੈਣਾ ਔਖਾ ਕਰਦਾ ਹੈ ਅਤੇ ਇਸ ਨਾਲ ਨਮੂਨੀਏ ਅਤੇ ਦਿਲ ਦੀ ਬੀਮਾਰੀ ਵਰਗੀਆਂ ਮਾਰੂ ਬੀਮਾਰੀਆਂ ਲੱਗ ਸਕਦੀਆਂ ਹਨ।

ਐਸਬੈਸਟਸ ਦੇ ਸੰਪਰਕ ਵਿਚ ਆਉਣ ਨਾਲ ਫੇਫੜਿਆਂ ਦੀ ਕੈਂਸਰ ਅਤੇ ਮੈਜ਼ੋਥੀਲੀਓਮਾ ਵੀ ਹੋ ਸਕਦੇ ਹਨ।

ਐਸਬੈਸਟਸ ਨਾਲ ਸੰਬੰਧਿਤ ਬੀਮਾਰੀਆਂ ਆਮ ਤੌਰ 'ਤੇ ਕਿਸੇ ਵਿਅਕਤੀ ਦੇ ਐਸਬੈਸਟਸ ਦੇ ਸੰਪਰਕ ਵਿਚ ਆਉਣ ਤੋਂ ਸਾਲਾਂ ਬਾਅਦ ਵਿਕਸਤ ਹੁੰਦੀਆਂ ਹਨ। ਇਹ ਬੀਮਾਰੀਆਂ ਹੋਣ ਦਾ ਖਤਰਾ, ਹਵਾ ਵਿਚ ਐਸਬੈਸਟਸ ਦੀ ਜ਼ਿਆਦਾ ਮਾਤਰਾ ਵਿਚ ਤੁਹਾਡੇ ਵਲੋਂ ਸਾਹ ਲੈਣ ਅਤੇ ਤੁਹਾਡੇ ਇਸ ਹਵਾ ਦੇ ਸੰਪਰਕ ਵਿਚ ਆਉਣ ਦੀ ਲੰਬਾਈ ਨਾਲ ਵਧ ਜਾਂਦਾ ਹੈ। ਸਿਗਰਟਾਂ ਪੀਣ ਵਾਲਿਆਂ ਨੂੰ ਜ਼ਿਆਦਾ ਖਤਰਾ ਹੈ।

ਤੁਸੀਂ ਆਪਣੇ ਕੰਮ ਵਾਲੀ ਥਾਂ ਨੂੰ ਸੁਰੱਖਿਅਤ ਕਿਵੇਂ ਰੱਖ ਸਕਦੇ ਹੋ, ਇਸ ਬਾਰੇ ਹੋਰ ਸੁਝਾਵਾਂ ਲਈ worksafebc.com/asbestosbeaware 'ਤੇ ਜਾਉ।



ਐਸਬੈਸਟਸ ਦੇ ਫਾਇਬਰ ਬਹੁਤ ਹੀ ਬਾਰੀਕ ਹੁੰਦੇ ਹਨ। ਉਪਰਲਾ ਚਿੱਤਰ, ਮਨੁੱਖੀ ਵਾਲ, ਗਲਾਸ ਫਾਇਬਰ, ਐਸਬੈਸਟਸ ਦੇ ਫਾਇਬਰ, ਅਤੇ ਧੂੰਏਂ ਵਿਚਲੇ ਕਣਾਂ ਦੇ ਆਕਾਰ ਦਿਖਾਉਂਦਾ ਹੈ।

ਮੀਟਿੰਗ ਦਾ ਰਿਕਾਰਡ

ਪ੍ਰੋਜੈਕਟ			
ਐਡਰੈਸ	ਸਿਟੀ	ਸੂਬਾ	ਪੋਸਟਲ ਕੋਡ
ਕੰਮ-ਮਾਲਕ	ਸੁਪਰਵਾਈਜ਼ਰ		
ਤਾਰੀਕ (ਸਾਲ-ਮਹੀਨਾ-ਦਿਨ)	ਸਮਾਂ	ਸ਼ਿਫਟ	
ਕਰੂਅ (ਕੰਮ ਕਰਨ ਵਾਲਿਆਂ) ਦੀ ਗਿਣਤੀ	ਹਾਜ਼ਰ ਗਿਣਤੀ		

ਕਰੂਅ ਦੇ ਮੈਂਬਰਾਂ ਵਲੋਂ ਦੱਸੇ ਗਏ ਸੇਫਟੀ ਦੇ ਹੋਰ ਮਸਲੇ ਜਾਂ ਸੁਝਾਅ

ਹਾਜ਼ਰ ਵਿਅਕਤੀਆਂ ਦਾ ਰਿਕਾਰਡ

ਨਾਂ (ਕਿਰਪਾ ਕਰਕੇ ਵੱਡੇ ਅੱਖਰਾਂ ਵਿਚ ਲਿਖੋ)	ਦਸਖਤ	ਕੰਪਨੀ
1.		
2.		
3.		
4.		
5.		
6.		
7.		
8.		
9.		
10.		
11.		
12.		
13.		

ਮੈਨੇਜਰ ਦੀਆਂ ਟਿੱਪਣੀਆਂ	
ਮੈਨੇਜਰ ਦੇ ਦਸਖਤ	ਸੁਪਰਵਾਈਜ਼ਰ ਦੇ ਦਸਖਤ